# ਆਧੁਨਿਕ ਨਾਟਕ ਦੀਆਂ ਕਲਾਤਮਕ ਜੁਗਤਾਂ

ਪ੍ਰੋ. ਮੰਗਤ ਰਾਮ
ਪੋਸਟ ਗ੍ਰੈਜੁਏਟ ਪੰਜਾਬੀ ਵਿਭਾਗ
ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ,
ਬੇਗੋਵਾਲ (ਕਪੂਰਥਲਾ)

ਭਾਰਤੀ ਨਾਟ-ਪਰੰਪਰਾ ਦੇ ਬਰਾਬਰ ਯੂਨਾਨੀ ਨਾਟ ਪਰੰਪਰਾ ਦੇ ਮੋਢੀ ਅਰਸਤੂ ਨੇ ਆਪਣੇ ਕਾਵਿ ਸ਼ਾਸਤਰ ਵਿੱਚ ਕੇਵਲ ਤ੍ਰਾਸਦੀ ਨਾਟਕ ਬਾਰੇ ਹੀ ਵਿਸਥਾਰ ਪੂਰਵਕ ਗੱਲ ਕੀਤੀ ਹੈ। ਅਰਸਤੂ ਨੇ ਤ੍ਰਾਸਦੀ ਨਾਟਕ ਦੇ ਇਹ ਤੱਤ ਗੋਂਦ, ਪਾਤਰ, ਸ਼ਬਦਾਵਲੀ, ਵਿਚਾਰ, ਦ੍ਰਿਸ਼, ਗੀਤ ਮੰਨੇ ਜਾਂਦੇ ਹਨ। ਇਨ੍ਹਾਂ ਤੱਤਾਂ ਨੂੰ ਭਾਰਤੀਮੁਨੀ ਦੇ ਦੱਸੇ ਤਿੰਨ ਤੱਤਾਂ ਵਸਤੂ, ਨੇਤਾ ਤੇ ਰਸ ਵਿੱਚ ਸਮਾਏ ਹੋਏ ਦੱਸਿਆ ਹੈ। ਭਾਰਤੀਮੁਨੀ ਨੇ ਪਹਿਲਾ ਤੱਤ ਰਸ ਨੂੰ ਮੰਨਿਆ ਹੈ ਜਦਕਿ ਅਰਸਤੂ ਗੋਂਦ ਨੂੰ ਪਹਿਲਾਂ ਤੱਤ ਮੰਨਦਾ ਹੈ। ਪਹਿਲੇ ਨਾਟਕ ਅਚਾਰੀਆਂ ਨੇ ਨਾਟਕ ਦੇ ਕਥਾ ਪਾਤਰ-ਚਿਤਰਣ, ਦੇਸ਼-ਕਾਲ, ਬੋਲੀ-ਸ਼ੈਲੀ, ਵਾਰਤਾਲਾਪ ਤੇ ਦ੍ਰਿਸ਼ ਛੇ ਤੱਤ ਮੰਨੇ ਹਨ। ਆਧੁਨਿਕ ਨਾਟਕ ਅਚਾਰੀਆਂ ਨੇ ਦੇਸ਼ ਕਾਲ ਤੇ ਦ੍ਰਿਸ਼ ਨੂੰ ਇੱਕਠਾ ਕਰਕੇ ਵਾਤਾਵਰਨ ਬਣਾ ਦਿੱਤਾ ਹੈ ਅਤੇ ਛੇਵਾਂ ਤੱਤ ਉਦੇਸ਼ ਨੂੰ ਮੰਨਿਆ ਹੈ। ਆਧੁਨਿਕ ਨਾਟਕ ਆਚਾਰੀਆਂ ਨੇ ਕਾਵਿ ਸ਼ਾਸਤਰੀਆਂ ਦੇ ਦੱਸੇ ਸਿਧਾਤਾਂ ਅਨੁਸਾਰ ਨਾਟਕੀ ਤੱਤਾਂ ਦਾ ਅਧਿਐਨ ਤੇ ਵਿਸ਼ਲੇਸ਼ਣ ਬੜੀ ਬਾਰੀਕੀ ਨਾਲ ਕੀਤਾ। ਉਨ੍ਹਾਂ ਨੇ ਨਾਟਕ ਲਈ ਰੰਗਮੰਚ ਦੀ ਲੋੜ ਤੇ ਅਹਿਮ ਜੋਰ ਦਿੱਤਾ। ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਨਾਟਕ ਦੇ ਹੇਠ ਲਿਖੇ ਤੱਤ ਮੰਨਦੇ ਹਾਂ-

1. ਪਲਾਟ, ਗੋਂਦ/ਕਥਾਨਕ
2. ਪਾਤਰ ਅਤੇ ਪਾਤਰ-ਉਸਾਰੀ
3. ਭਾਸ਼ਾ ਅਤੇ ਸ਼ੈਲੀ
4. ਵਾਰਤਾਲਾਪ
5. ਵਾਤਾਵਰਨ ਜਾਂ ਦੇਸ਼ ਕਾਲ
6. ਉਦੇਸ਼

ਗੋਂਦ, ਪਲਾਟ/ਕਥਾਨਕ

ਪਲਾਟ ਨੂੰ ਪੰਜਾਬੀ ਸ਼ਬਦਾਵਲੀ ਵਿੱਚ ਗੋਂਦ ਕਿਹਾ ਜਾਂਦਾ ਹੈ। ਗੋਂਦ ਦਾ ਅਰਥ ਹੈ ਗੁੰਦਣਾ। ਪਲਾਟ, ਗੋਂਦ/ਕਥਾਨਕ ਤੋਂ ਭਾਵ ਜਿਸ ਵਿੱਚ ਘਟਨਾਵਾਂ ਨੂੰ ਅਲਗ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ। ਘਟਨਾਵਾਂ ਦੀ ਲੜੀ ਬਣਾਈ ਹੁੰਦੀ ਹੈ। ਇੱਕ ਤੋਂ ਬਾਅਦ ਦੂਜੀ ਘਟਨਾ ਲੜੀਬੱਧ ਹੋ ਕੇ ਪੇਸ਼ ਕੀਤੀ ਜਾਂਦੀ ਹੈ।

ਪਲਾਟ/ਕਥਾਨਕ ਨਾਟਕ ਦਾ ਮਹੱਤਵਪੂਰਨ ਤੱਤ ਹੈ। ਪਲਾਟ ਨਾਟਕ ਦੀ ਰੀੜ ਦੀ ਹੱਡੀ ਹੈ, ਜਿਸਦੇ ਆਸਰੇ ਨਾਟਕ ਨੇ ਕਲਾ ਤੇ ਸਾਹਿਤ ਦਾ ਸਾਂਝਾ ਰੂਪ ਪੇਸ਼ ਕਰਨਾ ਹੁੰਦਾ ਹੈ। ਨਾਟਕਕਾਰ ਆਪਣੀ ਅਸਲੀ ਕਹਾਣੀ ਨੂੰ ਨਾਟਕ ਵਿੱਚ ਪੇਸ਼ ਕਰਨ ਲੱਗਿਆ ਇਸ ਨੂੰ ਗੋਂਦ ਦੇ ਢਾਂਚੇ ਵਿੱਚ ਢਾਲਦਾ ਹੈ।

ਡਾ. ਸੁਰਜੀਤ ਸਿੰਘ ਸੇਠੀ ਦੇ ਅਨੁਸਾਰ-

ਅਜੋਕੇ ਨਾਟਕ ਦਾ ਕੱਚਾ ਪਦਾਰਥ ਜ਼ਿੰਦਗੀ ਹੈ ਤਾਂ ਨਾਟਕ ਦੇ ਪਲਾਟ ਦਾ ਕੱਚਾ ਪਦਾਰਥ ਜਿੰਦਗੀ ਦੀਆਂ ਘਟਨਾਵਾਂ ਹਨ। ਜ਼ਿੰਦਗੀ ਦੀਆਂ ਕੁਝ ਘਟਨਾਵਾਂ ਨੂੰ ਲੈ ਕੇ ਹੀ ਨਾਟਕ ਉਸਾਰਿਆ ਜਾਂਦਾ ਹੈ ਤੇ ਘਟਨਾਵਾਂ ਨੂੰ ਜਿਸ ਤਰਤੀਬ ਵਿੱਚ ਜੋੜਿਆ ਜਾਂਦਾ ਹੈ ਉਸਨੂੰ ਪਲਾਟ ਕਹਿੰਦੇ ਹਨ।1

ਨਾਟਕੀ ਦੀ ਕਲਾ ਨੂੰ ਰੋਚਕ ਬਣਾਉਣ ਲਈ ਕਿਸੇ ਵਿਸ਼ੇਸ਼ ਵਿਉਂਤ ਜਾਂ ਗੋਂਦ ਦੀ ਲੋੜ ਹੁੰਦੀ ਹੈ। ਪਲਾਟ ਦੇ ਬਿਨਾਂ ਨਾਟਕ ਨਹੀਂ ਹੋ ਸਕਦਾ। ਕਿਸੇ ਨਾਟਕ ਦੀ ਗੋਂਦ ਤਿਆਰ ਕਰਦੇ ਸਮੇਂ ਨਾਟਕਕਾਰ ਨੂੰ ਬੜਾ ਧਿਆਨ ਰੱਖਣਾ ਪੈਂਦਾ ਹੈ। ਉਹ ਆਪਣੇ ਨਾਟਕ ਵਿੱਚ ਪਲਾਟ ਦੀ ਲੰਬਾਈ ਉਨ੍ਹੀ ਹੀ ਰੱਖਦਾ ਹੈ ਜਿੰਨੀ ਨਿਸ਼ਚਿਤ ਸਮੇਂ ਸਟੇਜ ਤੇ ਦਿਖਾਈ ਜਾ ਸਕਦੀ ਹੋਵੇ। ਨਾਟਕਕਾਰ ਸੁਰਜੀਤ ਸਿੰਘ ਸੇਠੀ ਨੇ ਵੀ ਆਪਣੀ ਪੁਸਤਕ 'ਨਾਟਕ ਕਲਾ' ਵਿੱਚ ਨਾਟਕ ਦੇ ਪਲਾਟ ਬਾਰੇ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ-

ਨਾਟਕ ਵਿੱਚ ਪਲਾਟ ਤੋਂ ਭਾਵ ਘਟਨਾਵਾਂ ਦੀ ਨਾਟਕੀ ਤਰਤੀਬ ਹੈ। ਘਟਨਾਵਾਂ ਨੂੰ ਤਰਤੀਬ ਵਿੱਚ ਜੋੜਨਾ ਹੀ ਨਾਟਕਕਾਰ ਦਾ ਕਰਤੱਬ ਹੈ ਤੇ ਇਸੇ ਨੂੰ ਨਾਟਕ ਦਾ ਪਲਾਟ ਕਹਿੰਦੇ ਹਨ।2

ਡਾ. ਸੁਰਜੀਤ ਸਿੰਘ ਸੇਠੀ ਦੇ ਅਨੁਸਾਰ ਨਾਟਕ ਦੀ ਗੋਂਦ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ।-

ਨਾਟਕ ਦੀ ਗੋਂਦ ਇਸ ਕਿਸਮ ਦੀ ਹੋਣੀ ਚਾਹੀਦੀ ਹੈ ਕਿ ਬਹੁਤ ਕੁਝ ਰੰਗਮੰਚ ਤੋਂ ਬਾਹਰ ਹੀ ਵਾਪਰ ਜਾਵੇ। ਰੰਗਮੰਚ ਉੱਤੇ ਤਾਂ ਸਿਰਫ਼ ਉਹ ਕੁਝ ਵਾਪਰਨਾ ਚਾਹੀਦਾ ਹੈ ਜਿਸ ਨਾਲ ਦਰਸ਼ਕ ਨੂੰ ਨਾਟਕ ਚੰਗੀ ਤਰ੍ਹਾਂ ਸਮਝ ਆ ਜਾਏ ਤੇ ਉਸ ਉੱਤੇ ਨਾਟਕ ਦੀ ਕਹਾਣੀ ਡੂੰਘਾ ਪ੍ਰਭਾਵ ਪਾ ਸਕੇ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪਲਾਟ ਨਾਟਕ ਦਾ ਮਹੱਤਵਪੂਰਨ ਤੇ ਸ਼ਕਤੀ ਸ਼ਾਲੀ ਤੱਤ ਹੈ। ਇਸ ਦੀ ਹੋਂਦ ਤੋਂ ਬਿਨ੍ਹਾਂ ਨਾਟਕੀ ਰਚਨਾ ਦੀ ਹੋਂਦ ਨਾਮੁਮਕਿਨ ਹੈ।

ਪਾਤਰ ਅਤੇ ਪਾਤਰ ਉਸਾਰੀ-

ਪਾਤਰ ਉਸਾਰੀ ਨਾਟਕੀ ਰਚਨਾ ਦਾ ਇੱਕ ਵਿਸ਼ੇਸ਼ ਤੱਤ ਹੈ। ਪਾਤਰ ਨਾਟਕ ਦੀ ਜਿੰਦ-ਜਾਨ ਹੁੰਦੇ ਹਨ ਅਤੇ ਪਾਤਰਾਂ ਤੋਂ ਬਿਨਾਂ ਨਾਟਕੀ ਰਚਨਾ ਸਾਕਾਰ ਨਹੀਂ ਹੋ ਸਕਦੀ। ਨਾਟਕੀ ਘਟਨਾਵਾਂ ਦੇ ਆਧਾਰ ਤੇ ਹੀ ਪਾਤਰਾਂ ਦਾ ਪ੍ਰਵੇਸ਼ ਹੁੰਦਾ ਹੈ। ਪ੍ਰਮੁੱਖ ਪਾਤਰ ਨੂੰ ਨਾਇਕ ਕਿਹਾ ਜਾਂਦਾ ਹੈ। ਭਾਰਤੀਮੁਨੀ ਨੇ ਆਪਣੇ 'ਨਾਟਯ-ਸ਼ਾਸਤ੍ਰ' ਵਿੱਚ ਪਾਤਰ ਲਈ ਨੇਤਾ ਸ਼ਬਦ ਵਰਤਿਆ ਹੈ। ਨੇਤਾ ਤੋਂ ਭਾਵ ਕਥਾ ਨੂੰ ਅੱਗੇ

ਲੈ ਕੇ ਜਾਣ ਵਾਲਾ। ਭਾਰਤਮੁਨੀ ਨੇ ਚਾਰ ਪ੍ਰਕਾਰ ਦੇ ਨਾਇਕ ਦੱਸੇ ਹਨ। ਪੱਛਮੀ ਵਿਦਵਾਨਾਂ ਅਨੁਸਾਰ ਨਾਇਕ ਪ੍ਰਸਿੱਧ ਪ੍ਰਭਾਵਸ਼ਾਲੀ, ਗੁਣਵਾਨ ਅਤੇ ਆਦਰਸ਼ ਵਿਅਕਤੀ ਹੋਣਾ ਚਾਹੀਦਾ ਹੈ। ਭਾਰਤਮੁਨੀ ਨੇ ਆਪਣੇ 'ਨਾਟਯ-ਸ਼ਾਸਤਰ' ਵਿੱਚ ਨਾਇਕ ਨੂੰ ਸਰਵ ਗੁਣਾਂ ਨਾਲ ਭਰਪੂਰ ਮੰਨਿਆ ਹੈ। ਪਰ ਆਧੁਨਿਕ ਨਾਟਕਾਂ ਵਿੱਚ ਨਾਇਕ ਸੰਬੰਧੀ ਦ੍ਰਿਸ਼ਟੀਕੋਣ ਬਦਲ ਚੁੱਕਾ ਹੈ। ਇਕ ਸਾਧਾਰਨ ਵਿਅਕਤੀ ਵੀ ਨਾਟਕ ਦਾ ਨਾਇਕ ਹੋ ਸਕਦਾ ਹੈ ਅਤੇ ਨਾਇਕ ਲਈ ਜ਼ਰੂਰੀ ਨਹੀਂ ਕਿ ਉਹ ਨਾਇਕ ਦੀ ਪ੍ਰੇਮਿਕਾ ਜਾਂ ਪਤਨੀ ਹੋਵੇ। ਸਫਲ ਪਾਤਰ-ਉਸਾਰੀ ਕਿਸੇ ਵੀ ਨਾਟਕ ਦੀ ਮਹੱਤਤਾ ਨੂੰ ਦੁੱਗਣਾ ਕਰ ਦਿੰਦੀ ਹੈ। ਵਿਗਿਆਨਿਕ ਦ੍ਰਿਸ਼ਟੀ ਨਾਲ ਚਿਤਰੇ ਹੋਏ ਪਾਤਰ ਜਿੱਥੇ ਨਾਟਕ ਵਿੱਚ ਘਟਨਾ ਦੀ ਰੋਚਕਤਾ ਨੂੰ ਬਣਾਉਂਦੇ ਹਨ, ਉੱਥੇ ਉਹ ਜੋ ਉਦੇਸ ਨਾਟਕਕਾਰ ਨੇ ਅਪਣੇ ਦਰਸ਼ਕਾਂ ਨੂੰ ਦੇਣਾ ਹੁੰਦਾ ਹੈ, ਉਸ ਨੂੰ ਸੁਘੜਤਾ ਪ੍ਰਦਾਨ ਕਰਦੇ ਹਨ। ਨਾਟਕਕਾਰ ਦਾ ਮੁੱਖ ਉਦੇਸ਼ ਪਾਤਰਾਂ ਦਾ ਘੋਲ ਵਿਖਾਉਣਾ ਹੁੰਦਾ ਹੈ। ਚੰਗੀ ਨਾਟਕੀ ਪਾਤਰ-ਉਸਾਰੀ ਉਹੀ ਹੁੰਦੀ ਹੈ, ਜੋ ਪਾਤਰਾਂ ਨਾਲ ਆਲੇ-ਦੁਆਲੇ ਨਾਲ ਤੇ ਸਥਿਤੀਆਂ ਨਾਲ ਅਕਰਾਏ, ਪਰ ਨਾਟਕ ਦੇ ਸਾਰੇ ਪਾਤਰ ਨਾਟਕੀ ਨਹੀਂ ਹੁੰਦੇ। ਕਈ ਪਾਤਰ ਗੋਂਦ ਦੀ ਉਸਾਰੀ ਦਾ ਅੰਗ ਹੁੰਦੇ ਹਨ ਅਤੇ ਕਈ ਪਾਤਰ ਮੰਚ ਜੜ੍ਹਤ ਲਈ ਜ਼ਰੂਰੀ ਹੁੰਦੇ ਹਨ। ਅਜਿਹੇ ਪਾਤਰ ਆਪਾ ਉਸਾਰਨ ਦੀ ਥਾਂ ਦੂਜੇ ਪਾਤਰਾਂ ਦੀ ਉਸਾਰੀ ਕਰਦੇ ਹਨ। ਨਾਟਕਕਾਰ ਸੁਪਜੀਤ ਸਿੰਘ ਸੇਠੀ ਦਾ ਪਾਤਰ-ਚਿਤਰਨ ਬਾਰੇ ਵਿਚਾਰ ਹੈ-

ਪਾਤਰ-ਚਿਤਰਨ ਰਾਹੀਂ ਹੀ ਨਾਟਕ ਦੇ ਇਕ ਪਾਤਰ ਨੂੰ ਦੂਜੇ ਨਾਲੋਂ ਨਿਖੇੜਿਆ ਜਾ ਸਕਦਾ ਹੈ। ਹਰ ਪਾਤਰ ਨੂੰ ਨਾਟਕਕਾਰ ਨੇ ਵੱਖਰਾ ਸੁਭਾਅ, ਵੱਖਰੇ ਲੱਛਣ ਦਿੱਤੇ ਹੁੰਦੇ ਹਨ।4

ਨਾਟਕਕਾਰ ਦਾ ਆਪਣੇ ਪਾਠਕਾਂ ਅਤੇ ਦਰਸ਼ਕਾਂ ਨਾਲ ਕੋਈ ਸਿੱਧਾ ਸੰਬੰਧ ਸਥਾਪਿਤ ਨਹੀਂ ਬਲਕਿ ਉਹ ਆਪਣੀ ਹਰ ਗੱਲ ਪਾਠਕਾਂ ਅਤੇ ਦਰਸ਼ਕਾਂ ਤੱਕ ਪਹੁੰਚਾਉਣੀ ਚਾਹੁੰਦਾ ਹੈ ਅਤੇ ਪਾਤਰਾਂ ਦੇ ਜ਼ਰੀਏ ਹੀ ਪਹੁੰਚਾਉਂਦਾ ਹੈ। ਇਸ ਲਈ ਪਾਤਰਾਂ ਤੋਂ ਬਿਨ੍ਹਾਂ ਨਾਟਕ ਪੇਸ਼ ਕਰਨਾ ਅਸੰਭਵ ਹੈ। ਇਹ ਪਾਤਰ ਹੀ ਹਨ ਜੋ ਨਾਟਕ ਦੇ ਸਾਰੇ ਕਾਰਜ ਨੂੰ ਰੰਗਮੰਚ ਤੇ ਸਾਕਾਰ ਕਰਦੇ ਹਨ। ਪਾਤਰਾਂ ਤੋਂ ਬਿਨ੍ਹਾਂ ਨਾਟਕ ਬੇਜ਼ਾਨ ਹੁੰਦਾ ਹੈ। ਇਨ੍ਹਾਂ ਨਾਟਕ ਦੀ ਹੋਂਦ ਦੀ ਪਛਾਣ ਨਹੀਂ ਕੀਤੀ ਜਾ ਸਕਦੀ।

ਅਜੋਕੇ ਨਾਟਕ ਵਿੱਚ ਪਾਤਰ ਦਰਸ਼ਕਾਂ ਅਤੇ ਆਲੋਚਕਾਂ ਤੋਂ ਵੀ ਵਧੇਰੇ ਤੀਖਣ ਬੁੱਧੀ ਤੇ ਕਲਾ ਦਾ ਮਾਲਕ ਹੁੰਦਾ ਹੈ। ਜਿਸਨੂੰ ਦੋਹਰਾ ਜੀਵਨ ਜੀਉਣਾ ਪੈਂਦਾ ਹੈ। ਉਸਨੂੰ ਆਪਣਾ ਆਪ ਭੁੱਲ ਕੇ ਕਿਸੇ ਦੂਸਰੇ ਵਿਅਕਤੀ ਚੰਗੇ ਜਾਂ ਬੁਰੇ ਦੀ ਅਸਲ ਵਰਗੀ ਨਕਲ ਕਰਕੇ ਵਿਖਾਉਣ ਦਾ ਕੰਮ ਕਰਨਾ ਪੈਂਦਾ ਹੈ। ਆਲੋਚਕਾਂ ਨੇ ਪਾਤਰਾਂ ਦਾ ਵਰਗੀਕਰਨ ਇਸ ਤਰ੍ਹਾਂ ਕੀਤਾ ਹੈ ਜਿਵੇਂ-ਮੁੱਖ ਪਾਤਰ, ਖਲਨਾਇਕ, ਸਾਧਾਰਨ ਪਾਤਰ, ਗੋਲ ਅਤੇ ਚਪਟੇ ਵਰਗ ਅਤੇ ਵਿਅਕਤੀ ਪਾਤਰ ਆਦਿ।

ਪਾਤਰ ਉਸਾਰੀ ਬਾਰੇ ਡਾ. ਚਰਨਦਾਸ ਸਿੱਧੂ ਇਸ ਤਰ੍ਹਾਂ ਆਪਣੇ ਵਿਚਾਰ ਪੇਸ਼ ਕਰਦੇ ਹਨ-

ਪਾਤਰ ਉਸਾਰੀ ਦੀ ਕਾਮਯਾਬੀ ਹੀ ਡਰਾਮੇ ਦਾ ਅਸਲ ਇਮਤਿਹਾਨ ਹੈ, ਵਿਚਾਰ ਜਾਂ ਥੀਮ ਦਿਲ ਟੁੰਬਣ ਦੀ ਸਮੱਰਥਾ ਨਹੀਂ ਰੱਖਦੇ, ਸਦੀਵੀਂ ਦਿਲਚਸਪੀ ਰੱਖਦੇ ਨੇ ਸਿਰਫ਼ ਇਨਸਾਨੀ ਰਿਸ਼ਤੇ, ਗੂੜ੍ਹੇ, ਲਹੂ ਦੇ ਰਿਸ਼ਤੇ। 5

ਪਾਤਰ ਚਿਤਰਣ ਲਈ ਨਾਟਕਕਾਰ ਆਪਣੇ ਨਾਟਕਾਂ ਵਿੱਚ ਵੱਖ-ਵੱਖ ਜੁਗਤਾਂ ਦੀ ਵਰਤੋਂ ਕਰਦੇ ਹਨ। ਪਹਿਲਾਂ ਡੰਗ ਕਿਸੇ ਵੀ ਪਾਤਰ ਦੀ ਬਾਹਰਮੁੱਖੀ ਸ਼ਰੀਰਕ ਬਣਤਰ, ਉਮਰ, ਪਹਿਰਾਵਾ ਆਦਿ ਦਾ ਅਪਣਾਇਆ ਜਾਂਦਾ ਹੈ। ਇਹ ਢੰਗ ਪੂਰੇ ਦਾ ਪੂਰਾ ਨਾਟਕਕਾਰ ਦੇ ਵਿਅਕਤੀਗਤ ਦ੍ਰਿਸ਼ਟੀਕੋਣ ਉੱਪਰ ਨਿਰਭਰ ਹੁੰਦਾ ਹੈ। ਜਿਉਂ ਹੀ ਪਾਤਰ ਮੰਚ ਉੱਪਰ ਪ੍ਰਵੇਸ਼ ਕਰਦਾ ਹੈ, ਉਸਦੀ ਪਹਿਲੀ ਦਿਖ ਹੀ ਉਸਦੀ ਹੈਸੀਅਤ, ਵਿਦਿਆ, ਸ਼੍ਰੇਣੀ, ਸੁਭਾਅ ਦਾ ਕੁਝ ਨਾ ਕੁਝ ਗਿਆਨ ਕਰਵਾ ਦਿੰਦਾ ਹੈ। ਪਾਤਰ ਦਾ ਕੱਦ-ਕਾਠ ਤੇ ਉਸ ਉੱਪਰ ਪਹਿਨੇ ਹੋਏ ਪਹਿਰਾਵੇ ਤੋਂ ਪਾਤਰ ਦੇ ਵਿਅਕਤੀਗਤ ਸੁਭਾਅ ਦਾ ਗਿਆਨ ਹੋ ਜਾਂਦਾ ਹੈ। ਪਾਤਰ-ਉਸਾਰੀ ਨਾਟਕੀ ਰਚਨਾ ਦਾ ਇੱਕ ਮਹੱਤਵਪੂਰਨ ਤੱਤ ਹੈ। ਪਾਤਰਾਂ ਤੋਂ ਬਿਨ੍ਹਾਂ ਨਾ ਤਾਂ ਨਾਟਕ ਦੀ ਉਸਾਰੀ ਹੋ ਸਕਦੀ ਹੈ ਤੇ ਨਾ ਹੀ ਨਾਟਕ ਨੂੰ ਰੰਗਮੰਚ ਤੇ ਪੇਸ਼ ਕੀਤਾ ਜਾ ਸਕਦਾ ਹੈ। ਪਾਤਰ-ਉਸਾਰੀ ਤੋਂ ਬਿਨਾਂ ਨਾਟਕ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਪਾਤਰ-ਉਸਾਰੀ ਨਾਟਕ ਦੀ ਜਿੰਦ-ਜਾਨ ਹੁੰਦੀ ਹੈ। ਇਸ ਲਈ ਪਾਤਰ-ਉਸਾਰੀ ਵੱਲ ਨਾਟਕਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਭਾਸ਼ਾ ਅਤੇ ਸ਼ੈਲੀ-

ਨਾਟਕ ਵਿੱਚ ਭਾਸ਼ਾ ਅਤੇ ਸ਼ੈਲੀ ਦੀ ਵਿਸ਼ੇਸ਼ ਤਾਂ ਹੁੰਦੀ ਹੈ। ਸਾਧਾਰਨ ਸ਼ਬਦਾਂ ਵਿੱਚ ਭਾਸ਼ਾ ਅਤੇ ਸ਼ੈਲੀ ਤੋਂ ਭਾਵ ਲਿਖਣ ਦਾ ਇੱਕ ਢੰਗ ਹੁੰਦਾ ਹੈ। ਸ਼ੈਲੀ ਇੱਕ ਪ੍ਰਕਾਰ ਦਾ ਦ੍ਰਿਸ਼ਟੀਕੋਣ ਹੈ ਜਿਹੜਾ ਕਿ ਹਰ ਨਾਟਕਕਾਰ ਦਾ ਆਪਣਾ-ਆਪਣਾ ਹੁੰਦਾ ਹੈ। ਨਾਟਕਕਾਰ ਆਪਣੇ ਮਨ ਦੀ ਸੋਚ ਤੇ ਵਿਚਾਰਧਾਰਾ ਨੂੰ ਸਜੀਵ ਰੂਪ ਦੇਣ ਵਾਲੀ ਖਾਸ ਢੰਗ ਦਾ ਵਰਤੋਂ ਕਰਦਾ ਹੈ। ਨਾਟਕ ਵਿੱਚ ਕਥਾਨਕ, ਪਾਤਰ, ਵਾਤਾਵਰਨ, ਉਦੇਸ਼, ਵਾਰਤਾਲਾਪ ਆਦਿ ਸਾਰੇ ਤੱਤਾਂ ਨੂੰ ਸੁਨਿਸ਼ਚਿਤ ਢੰਗ ਨਾਲ ਪ੍ਰਗਟ ਕਰਨ ਦੇ ਤੱਤ ਦਾ ਨਾਂ ਸ਼ੈਲੀ ਹੈ। ਨਾਟਕ ਵਿੱਚ ਸ਼ਬਦ ਚੁਣ ਕੇ ਇੰਝ ਵਿਉਂਤ ਕੇ ਪਾਤਰਾਂ ਦੇ ਮੂੰਹ ਵਿੱਚ ਪਾਏ ਜਾਂਦੇ ਹਨ ਕਿ ਉਹ ਸ਼ਬਦ ਪਾਤਰਾਂ ਦੇ ਅੰਦਰੋਂ ਸਹਿਜ-ਸੁਭਾਅ ਨਿਕਲੇ ਜਾਪਦੇ ਹਨ। ਭਾਸ਼ਾ ਤੇ ਸ਼ੈਲੀ ਦਾ ਉਸਤਾਦ ਨਾਟਕਕਾਰ ਵੱਖ-ਵੱਖ ਸਥਿਤੀਆਂ ਵਿੱਚ ਵੱਖ-ਵੱਖ ਭਾਂਤ ਦੇ ਸ਼ਬਦਾਂ ਦੀ ਕਲਾ ਦਿਖਾ ਸਕਦਾ ਹੈ।

ਨਾਟਕ ਕਈ ਤਰ੍ਹਾਂ ਦੀ ਸ਼ੈਲੀ ਦੀ ਵਰਤੋਂ ਕਰਦੇ ਹਨ, ਜਿਵੇਂ ਗੁਰਦਿਆਲ ਸਿੰਘ ਫੁੱਲ ਦੇ ਅਨੁਸਾਰ-

ਕਿਤਾਬੀ ਤੇ ਵਿਦਵਾਨਾਂ ਵਾਲੀ ਸ਼ੈਲੀ, ਸੰਜਮੀ, ਆਲੰਕਾਰਿਕ ਨਾਟਕੀ ਸ਼ੈਲੀ, ਪਿਆਰ ਭਿੱਜੀ ਸ਼ੈਲੀ ਨਕਲੀਆਂ ਦੀ ਗੱਲਬਾਤ ਵਾਲੀ ਸ਼ੈਲੀ, ਬੌਧਿਕ ਤੇ ਕਾਟਵੀਂ ਸ਼ੈਲੀ ਯਥਾਰਥਵਾਦੀ ਟਕਰਾ ਉਸਾਰਨ ਵਾਲੀ ਤੇ ਮੁਹਾਵਰੇ ਵਾਲੀ ਸ਼ੈਲੀ ਸ਼ਬਦੀ ਦੁਹਰਾ ਨਾਲ ਕਾਟਵਾਂ ਵਿਅੰਗ ਸਿਰਜਨ ਵਾਲੀ ਸ਼ੈਲੀ ਆਦਿ।6

ਭਾਸ਼ਾ ਨਾਟਕ ਦੀ ਸ਼ੰਭਾਵਨਾ ਨੂੰ ਤੇ ਉਸ ਵਿਚਲੀ ਰੰਗਤ ਨੂੰ ਸਮਝਣ ਦਾ ਇੱਕ ਮਾਧਿਅਮ ਹੈ। ਇੱਕੋ ਹੀ ਗੱਲ ਨੂੰ ਭਾਸ਼ਾ ਦੇ ਫਰਕ ਨਾਲ ਮੰਚ ਉੱਤੇ ਹਾਸੇ, ਸੋਗ, ਕਰੋਧ, ਉਤਸ਼ਾਹ, ਘਿਰਣਾ, ਪਿਆਰ ਆਦਿ ਦੇ ਭਾਵਾਂ ਵਿੱਚ ਪ੍ਰਗਟ ਕੀਤਾ ਜਾ ਸਕਦਾ ਹੈ। ਹਰ ਨਾਟਕਕਾਰ ਦਾ ਨਾਟਕੀ ਬੋਧ ਉਸ ਦੁਆਰਾ ਵਰਤੀ ਭਾਸ਼ਾ ਉੱਤੇ ਨਿਰਭਰ ਕਰਦਾ ਹੈ। ਇਹ ਭਾਸ਼ਾ ਅੰਤਰਰਾਸ਼ਟਰੀ ਪ੍ਰਵਾਨਿਤ ਭਾਸ਼ਾ ਵੀ ਹੋ ਸਕਦੀ ਹੈ, ਕੇਂਦਰੀ ਜਾਂ ਇਲਾਕਾਈ ਭਾਸ਼ਾ ਵੀ ਹੋ ਸਕਦੀ ਹੈ। ਨਾਟਕ ਵਿੱਚ ਭਾਂਤ-ਭਾਂਤ ਦੇ ਇਲਾਕਿਆਂ ਦੀਆਂ ਸਥਿਤੀਆਂ ਪਰਿਸਥਿਤੀਆਂ ਦਾ ਅਨੁਕਰਨ ਬੋਲੀ ਜਾਂ ਭਾਸ਼ਾ ਦੇ ਪੱਧਰ ਉੱਤੇ ਪਛਾਣਿਆ ਜਾਂਦਾ ਹੈ। ਸਫ਼ਲ ਨਾਟਕ ਦੀ ਹੋਲੀ ਸਾਫ਼, ਸਪੱਸ਼ਟ, ਸਰਲਤਾ ਵਾਲੀ ਹੋਣੀ ਚਾਹੀਦੀ ਹੈ। ਮੁਹਾਵਰੇਦਾਰ ਭਾਸ਼ਾ ਨਾਟਕ ਦੀ ਵਡੱਤਣ ਨੂੰ ਘਟਾਉਂਦੀ ਹੈ। ਸੁਥਰੀ ਤੇ ਸੁਧਰੀ ਭਾਸ਼ਾ ਵਿਸ਼ੇ ਦਾ ਠੀਕ ਪ੍ਰਗਟਾਅ, ਪਾਤਰਾਂ ਦੀ

ਚਰਿੱਤਰ ਉਸਾਰੀ , ਵਾਰਤਾਲਾਪ ਵਿੱਚ ਚੁਸਤੀ ਤੇ ਨਾਟਕੀ ਗੋਂਦ ਨੂੰ ਸਹੀ ਤਰੀਕੇ ਨਾਲ ਪ੍ਰਸਤੁਤ ਕਰਨ ਵਿੱਚ ਸਹਾਈ ਹੁੰਦੀ ਹੈ। ਮੁੱਖ ਰੂਪ ਵਿੱਚ ਨਾਟਕਕਾਰ ਨੂੰ ਬੋਲੀ ਜਾਂ ਭਾਸ਼ਾ ਉਹੋ ਵਰਤਣੀ ਚਾਹੀਦੀ ਹੈ ਜਿਹੜੀ ਭਾਸ਼ਾ ਪਾਤਰਾਂ ਦੀ ਪ੍ਰਤਿਨਿਧਤਾ ਕਰੇ ਅਤੇ ਦਰਸ਼ਕਾਂ ਅਤੇ ਪਾਠਕਾਂ ਦੀ ਸਮਝ ਵਿੱਚ ਆ ਸਕੇ। ਪਾਤਰਾਂ ਦੀ ਸਹੀ ਪਛਾਣ ਭਾਸ਼ਾ ਅਤੇ ਸ਼ੈਲੀ ਹੀ ਕਰਵਾਉਂਦੀ ਹੈ। ਅਲੰਕਾਰਕ ਭਾਸ਼ਾ ਨਾਟਕ ਉੱਤੇ ਮਿਸ਼ਰਿਤ ਪ੍ਰਭਾਵ ਪਾਉਂਦੀ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਭਾਸ਼ਾ ਅਤੇ ਸ਼ੈਲੀ ਨਾਟਕ ਦਾ ਮਹੱਤਵਪੂਰਨ ਤੱਤ ਹੈ।

ਵਾਰਤਾਲਾਪ-

ਗੋਂਦ ਦੇ ਵਿਕਾਸ ਅਤੇ ਪਾਤਰ-ਉਸਾਰੀ ਲਈ ਵਾਰਤਾਲਾਪ ਨਾਟਕ ਦਾ ਇੱਕ ਬਹੁਤ ਹੀ ਜਰੂਰੀ ਤੱਤ ਹੈ। ਇੱਕ ਨਾਟਕ ਦੀ ਸਫ਼ਲਤਾ ਵਾਰਤਾਲਾਪ ਤੇ ਨਿਰਭਰ ਕਰਦੀ ਹੈ। ਵਾਰਤਾਲਾਪ ਹਮੇਸ਼ਾ ਪਾਤਰਾਂ ਦੇ ਅਨੁਸਾਰ ਹੀ ਹੋਣੇ ਚਾਹੀਦੇ ਹਨ। ਹਰ ਇੱਕ ਪਾਤਰ ਦੀ ਬੋਲੀ ਦੂਜੇ ਪਾਤਰ ਨਾਲੋਂ ਭਿੰਨ ਹੋਣੀ ਚਾਹੀਦੀ ਹੈ। ਨਾਟਕੀ ਵਾਰਤਾਲਾਪ ਸਪਸ਼ਟ ਤੇ ਸਰਲ ਬੋਲੀ ਵਿੱਚ ਹੋਣੇ ਚਾਹੀਦੇ ਹਨ ਤਾਂ ਜੋ ਪਾਤਰਾਂ ਨੂੰ ਬੋਲਣ ਵਿੱਚ ਕੋਈ ਕਠਿਨਾਈ ਨਾ ਹੋਵੇ ਤੇ ਨਾ ਹੀ ਨਾਟਕ ਦੇਖ ਰਹੇ ਦਰਸ਼ਕਾਂ ਨੂੰ ਸਮਝਣ ਵਿੱਚ ਕੋਈ ਔਖ ਮਹਿਸੂਸ ਹੋਵੇ। ਇਸ ਬਾਰੇ ਡਾ. ਸੁਰਜੀਤ ਸਿੰਘ ਸੇਠੀ ਨੇ ਲਿਖਿਆ ਹੈ-

ਆਦਰਸ਼ਕ ਵਾਰਤਾਲਾਪ ਨੂੰ ਬਹੁਤ ਸਪਸ਼ਟ ਹੋਣਾ ਚਾਹੀਦਾ ਹੈ ਤਾਂ ਜੋ ਦਰਸ਼ਕ ਆਸਾਨੀ ਨਾਲ ਉਸਨੂੰ ਸਮਝ ਸਕੇ। ਵਾਰਤਾਲਾਪ ਨਾਟਕ ਦੀ ਪੇਸ਼ਕਾਰੀ ਨੂੰ ਮੁੱਖ ਰੱਖ ਕੇ ਲਿਖੀ ਜਾਣੀ ਚਾਹੀਦੀ ਹੈ। ਵਾਰਤਾਲਾਪ ਲਈ ਪਾਤਰਾਂ ਦੇ ਸੁਭਾਅ ਅਨੁਸਾਰ ਹੋਣਾ ਬਹੁਤ ਜ਼ਰੂਰੀ ਹੈ।7

ਇੱਥੇ ਨਾਟਕੀ ਵਾਰਤਾਲਾਪ ਤੇ ਸਥਾਨਕ ਗੱਲਬਾਤ ਵਿੱਚ ਫ਼ਰਕ ਕਰਨਾ ਬੜਾ ਜ਼ਰੂਰੀ ਹੈ। ਨਾਟਕ ਦੇ ਵਾਰਤਾਲਾਪ ਨਾਟਕਕਾਰ ਦੀ ਮਰਜ਼ੀ ਅਨੁਸਾਰ ਨਹੀਂ ਲਿਖੇ ਜਾਣੇ ਚਾਹੀਦੇ ਸਗੋਂ ਇਹ ਪਾਤਰਾਂ ਦੀ ਸ਼ਖਸੀਅਤ ਤੇ ਸੁਭਾਅ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ, ਪਰ ਸਧਾਰਨ ਗੱਲਬਾਤ ਅਜਿਹੀ ਨਹੀਂ ਹੁੰਦੀ। ਨਾਟਕ ਵਿੱਚ ਵਾਰਤਾਲਾਪ ਉਹ ਹੁੰਦੇ ਹਨ ਜੋ ਉਪਯੋਗੀ ਹੋਣ ਦੇ ਨਾਲ ਨਾਟਕੀ-ਰਸ ਵੀ ਪੈਦਾ ਕਰਦੇ ਹੋਣ। ਨਾਟਕ ਵਿਚਲੇ ਵਾਰਤਾਲਾਪ ਦੀ ਸਿਰਜਣਾ ਨਾਟਕ ਵਿਚਲੇ ਕਾਰਜ ਅਤੇ ਵਾਰਤਾਲਾਪ ਦੇ ਅਨੁਕੂਲ ਨਹੀਂ ਹੋਣਗੇ ਤਾਂ ਦਰਸ਼ਕ ਉੱਪਰ ਚੰਗਾ ਪ੍ਰਭਾਵ ਨਹੀਂ ਪਵੇਗਾ। ਨਾਟਕੀ ਵਾਰਤਾਲਾਪ ਤਾਂ ਅਜਿਹੇ ਹੋਣੇ ਚਾਹੀਦੇ ਹਨ ਕਿ ਦਰਸ਼ਕਾਂ ਦਾ ਧਿਆਨ ਇਕਦਮ ਆਪਣੇ ਵੱਲ ਖਿੱਚ ਲੈਣ। ਨਾਟਕੀ ਵਾਰਤਾਲਾਪ ਦਾ ਮੁੱਖ ਮਨੋਰਥ ਪਲਾਟ ਨੂੰ ਅੱਗੇ ਵਧਾਉਣਾ ਤੇ ਸਪਸ਼ਟ ਕਰਨਾ ਹੁੰਦਾ ਹੈ।

ਸਰਲਤਾ ਅਤੇ ਸਪੱਸ਼ਟਤਾ ਵਾਰਤਾਲਾਪ ਦੇ ਵਿਸ਼ੇਸ਼ ਅੰਗ ਹਨ। ਦੋਹਰੇ ਅਰਥਾਂ ਵਾਲੇ ਬੱਲ ਅਤੇ ਵੱਡੇ-ਵੱਡੇ ਵਾਕਾਂ ਤੇ ਵਾਕਾਂ ਦੇ ਸਮੂਹ ਵਾਲੇ ਵਾਰਤਾਲਾਪ ਵੀ ਨਾਟਕ ਲਈ ਲਾਭਦਾਇਕ ਸਾਬਤ ਨਹੀਂ ਹੁੰਦੇ। ਚੁਸਤੀ ਹਾਸ-ਰਸ, ਵਿਅੰਗ ਅਤੇ ਗੁੰਝਾਪਣ ਵਾਰਤਾਲਾਪ ਦੀ ਸਫ਼ਲਤਾ ਹੈ। ਢਿੱਲੇ ਪ੍ਰਚਾਰਮਈ ਅਤੇ ਠਹਿਰਾਅ ਵਾਲੇ ਬੋਲ ਨਾਟਕ ਦਾ ਮੁੱਲ ਘਟਾ ਦਿੰਦੇ ਹਨ। ਨਾਟਕ ਟੱਕਰ, ਪਾਤਰਾਂ, ਵਿਸ਼ੇ, ਮੰਚ ਅਤੇ ਦਰਸ਼ਕਾਂ ਦੀ ਪੱਧਰ ਅਨੁਸਾਰ ਵਾਰਤਾਲਾਪ ਨਾਟਕੀ ਘਟਨਾਵਾਂ ਤੇ ਪਾਤਰਾਂ ਨੂੰ ਇੱਕ ਵਿਸ਼ੇਸ਼ ਸੇਧ ਵਾ ਪ੍ਰਦਾਨ ਕਰਦੀ ਹੈ। ਨਾਟਕਕਾਰ ਦੀ ਭਾਸ਼ਾ ਦੀ ਸਮੱਰਥਾ ਅਤੇ ਭਾਸ਼ਾ ਦੀ ਮੁਹਾਰਤ ਦਾ ਅੰਦਾਜ਼ਾ ਵਾ ਉਸਦੇ ਵਾਰਤਾਲਾਪ ਤੋਂ ਲਗਾਇਆ ਜਾ ਸਕਦਾ ਹੈ। ਵਾਰਤਾਲਾਪ ਚੁਸਤ, ਸੰਖੇਪ ਅਤੇ ਭਾਵਪੂਰਨ ਹੋਣੇ ਚਾਹੀਦੇ ਹਨ। ਵਾਰਤਾਲਾਪ ਬਾਰੇ ਡਾ. ਗੋਪਾਲ ਸਿੰਘ ਦਰਦੀ ਦਾ ਕਹਿਣਾ ਹੈ ਕਿ-

ਵਾਰਤਾਲਾਪ ਤਾਂ ਹਰ ਲਿਖਾਰੀ ਲਿਖ ਸਕਦਾ ਹੈ। ਜਿਸ ਵਿੱਚ ਨਾਟਕ, ਪਾਤਰ ਉਸਾਰੀ ਤੇ ਘਟਨਾ ਦੋਵੇਂ ਗੁਣ ਹੁੰਦੇ ਹਨ ਪਰ ਉਸਨੂੰ ਸਟੇਜ਼ ਸਫ਼ਲਤਾ ਪ੍ਰਾਪਤ ਹੋਣਾ ਹੀ ਅਜੇਹਾ ਗੁਣ ਹੈ, ਜੋ ਨਾਟਕ ਨੂੰ ਨਾਟਕ ਬਣਾਉਂਦਾ ਹੈ, ਕਿਉਂਕਿ ਨਾਟਕ ਇੱਕ ਦ੍ਰਿਸ਼ ਕਲਾ ਹੈ।8

ਵਾਤਾਵਰਨ ਜਾਂ ਦੇਸ਼ ਕਾਲ-

ਵਾਤਾਵਰਨ ਨਾਟਕ ਦਾ ਮਹੱਤਵਪੂਰਨ ਤੱਤ ਹੈ। ਨਾਟਕ ਦੀ ਕਹਾਣੀ ਅਨੁਸਾਰ ਪ੍ਰਸਤੁਤ ਕੀਤੀਆਂ ਜਾਣ ਵਾਲੀਆਂ ਘਟਨਾਵਾਂ, ਨਾਟਕੀ, ਲੋੜਾਂ ਨੂੰ ਮੁੱਖ ਰੱਖ ਕੇ ਜੋ ਸਥਿਤੀ ਪੇਸ਼ ਕੀਤੀ ਜਾਂਦੀ ਹੈ, ਉਹ ਵਾਤਾਵਰਨ ਅਖਵਾਉਂਦੀ ਹੈ।

ਨਾਟਕੀ ਦ੍ਰਿਸ਼ ਵਿੱਚ ਰੁੱਖ, ਬੂਟੇ, ਘਰ, ਰਸੋਈ, ਨਹਿਰ, ਪਸ਼ੂ-ਪੰਛੀ ਅਤੇ ਹੋਰ ਸਮਾਨ ਇਸ ਤਰ੍ਹਾਂ ਦਿਖਾਇਆ ਜਾਂਦਾ ਹੈ ਕਿ ਦਰਸ਼ਕ ਤੇ ਪਾਠਕ ਆਪਣੇ ਆਪ ਵਿੱਚ ਉਸ ਵਾਤਾਵਰਨ ਨੂੰ ਹੰਢਾ ਰਹੇ ਪ੍ਰਤੀਤ ਕਰਨ। ਨਾਟਕ ਵਿੱਚ ਕੁਝ ਅਜਿਹੀਆਂ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਵਿਖਾਉਣਾ ਸੰਭਵ ਨਹੀਂ ਹੋ ਸਕਦਾ। ਦ੍ਰਿਸ਼ ਚਿਤਰਣ ਤੇ ਵਾਤਾਵਰਨ ਸਿਰਜਨ ਦੀ ਕਲਾ ਵਿੱਚ ਨਿਪੁੰਨ ਹੋਣਾ ਨਾਟਕਕਾਰ ਦੀ ਸਫ਼ਲਤਾ ਦਾ ਰਾਜ ਹੈ।

ਨਾਟਕੀ ਕਾਰਜ ਲਈ ਇੱਕ ਸਥਿਤੀ ਹੋਣਈ ਚਾਹੀਦੀ ਹੈ ਇਕ ਮਾਹੌਲ ਹੋਣਾ ਚਾਹੀਦਾ ਹੈ, ਇੱਕ ਵਾਤਾਵਰਨ ਹੋਣਾ ਚਾਹੀਦਾ ਹੈ, ਇੱਕ ਵਾਤਾਵਰਨ ਹੋਣਾ ਚਾਹੀਦਾ ਹੈ ਤਾਂ ਹੀ ਪਾਤਰ ਲੋੜੀਂਦਾ ਕਾਰਜ ਕਰਨ ਦੇ ਸਮਰੱਥ ਹੋਵੇਗਾ। ਵਾਤਾਵਰਨ ਦਾ ਪਾਤਰ ਨਾਲ ਡੂੰਘਾ ਸੰਬੰਧ ਹੁੰਦਾ ਹੈ। ਦ੍ਰਿਸ਼ ਵਰਣਨ ਪਾਤਰ ਦੇ ਨਾਟਕੀ ਕਾਰਜ ਦੇ ਅਨੁਕੂਲ ਹੋਣਆ ਚਾਹੀਦਾ ਹੈ। ਰਾਜੇ ਦਾ ਮਾਹੌਲ ਤੇ ਵਾਤਾਵਰਨ ਹੋਰ ਹੋਵੇਗਾ ਤੇ ਗਰੀਬ ਦਾ ਹੋਰ, ਪੜ੍ਹੇ-ਲਿਖੇ ਦਾ ਹੋਰ, ਅਨਪੜ੍ਹ ਦਾ ਹੋਰ, ਕਿਰਤੀ ਦਾ ਹੋਰ ਤੇ ਵਪਾਰੀ ਦਾ ਹੋਰ। ਨਾਟਕਕਾਰ ਨੇ ਆਪਣੇ ਵਿਸੇ ਅਨੁਸਾਰ ਤੇ ਚੁਣੇ ਪਾਤਰਾਂ ਅਨੁਸਾਰ ਨਾਟਕੀ ਦੁਨੀਆ ਸਿਰਜਣੀ ਹੁੰਦੀ ਹੈ।

ਉਦੇਸ਼-

ਨਾਟਕਕਾਰ ਦੀ ਰਚਨਾ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ ਤੇ ਉਸ ਦੀ ਸਫ਼ਲਤਾ ਇਸ ਗੱਲ ਵਿੱਚ ਹੀ ਮੰਨੀ ਜਾਂਦੀ ਹੈ ਕਿ ਉਹ ਆਪਣੇ ਉਦੇਸ਼ ਨੂੰ ਕਿਸ ਸਫ਼ਲਤਾ ਨਾਲ ਦਰਸ਼ਕਾਂ ਜਾਂ ਪਾਠਕਾਂ ਦੇ ਸਾਹਮਣੇ ਰੱਖਦਾ ਹੈ। ਕੋਈ ਵੀ ਰਚਨਾ ਉਦੇਸ਼ ਤੋਂ ਬਿਨਾਂ ਮਹਾਨ ਰਚਨਾ ਨਹੀਂ ਬਣ ਸਕਦੀ। ਨਾਟਕ ਵਿੱਚ ਜੋ ਉਦੇਸ਼ ਦਿੱਤਾ ਜਾਂਦਾ ਹੈ ਉਹ ਕੇਵਲ ਸੁਹਜ ਸੁਆਦ ਲਈ ਨਹੀਂ ਹੁੰਦਾ ਸਗੋਂ ਉਸ ਵਿੱਚ ਕਿਸੇ ਮਹਾਨ ਵਿਅਕਤੀ ਦੇ ਆਦਰਸ਼ ਅਤੇ ਕਲਪਨਾ ਦੀ ਆਗਵਾਈ ਵੀ ਮਿਲਣੀ ਚਾਹੀਦੀ ਹੈ। ਇਹ ਕੰਮ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਨਾਟਕਕਾਰ ਨੂੰ ਬੜੀ ਸੂਝ-ਬੂਝ ਤੇ ਦਿਮਾਗੀ ਚੇਤਨਤਾ ਤੋਂ ਕੰਮ ਲੈਣਾ ਪੈਂਦਾ ਹੈ। ਉਦੇਸ਼ ਦੇ ਮਹੱਤਵ ਨੂੰ ਗੁਰਦਿਆਲ ਸਿੰਘ ਫੁੱਲ ਨੇ ਇਸ ਤਰ੍ਹਾਂ ਬਿਆਨਿਆ ਹੈ-

ਉਦੇਸ਼ ਰਹਿਤ ਕੋਈ ਕਲਾ ਨਹੀਂ ਹੁੰਦੀ। ਪਹਿਲਾਂ ਨਾਟਕਕਾਰ ਦੇ ਅੰਦਰ ਕੋਈ ਵਿਚਾਰ ਆਉਂਦਾ ਹੈ ਜਾਂ ਕੋਈ ਘਟਨਾ ਜੀਵਨ ਵਿੱਚ ਵੇਖਦਾ ਹੈ ਜਾਂ ਨਵੇਂ ਅਰਥ ਸਿਰਜਨ ਲਈ ਉਹ ਘਟਨਾ, ਕਥਾ ਜਾਂ ਕਹਾਣੀ ਚੁਣਦਾ ਹੈ। ਉਦੇਸ਼ ਤੋਂ ਬਿਨਾਂ ਕੋਈ ਨਾਟਕਕਾਰ ਨਾਟਕ ਲਿਖਣਾ ਆਰੰਭ ਹੀ ਨਹੀਂ ਕਰ ਸਕਦਾ।9

ਰਚਨਾ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਨਾਟਕ ਮਨੁੱਖੀ ਜੀਵਨ ਦਾ ਪ੍ਰਤੀਬਿੰਬ ਹੈ। ਜਿਸ ਨਾਟਕ ਵਿੱਚ ਜਿੰਨ੍ਹਾਂ ਮਹਾਨ ਵਿਚਾਰ ਹੋਵੇਗਾ ਅਤੇ ਜਿੰਨੇ ਚੰਗੇ ਉਸਦੇ ਵਾਰਤਾਲਾਪ ਤੇ ਪਾਤਰ ਉਸਾਰੀ ਹੋਵੇਗੀ ਉਹ ਨਾਟਕ ਉਨ੍ਹਾਂ ਹੀ ਸਫ਼ਲ ਤੇ ਵਧੀਆ ਹੋਵੇਗਾ। ਨਾਟਕ ਦੇ ਰਾਹੀਂ ਬਹੁਤ ਸਾਰੇ ਦਰਸ਼ਕ ਨਾਟਕ ਵਿੱਚ ਪੇਸ਼ ਵਿਚਾਰਾ ਦਾ ਪ੍ਰਭਾਵ ਕਬੂਲਦੇ ਹਨ। ਇਸ ਲਈ ਨਾਟਕ ਵਿਚਲੇ ਉਦੇਸ਼ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਹਰ ਨਾਟਕ ਦਾ ਉਦੇਸ਼ ਜ਼ਰੂਰ ਹੁੰਦਾ ਹੈ। ਭਾਵੇਂ ਉਹ ਧਾਰਮਿਕ ਹੋਵੇ ਜਾਂ ਇਤਿਹਾਸਿਕ। ਨਾਟਕ ਦੀ ਰਚਨਾ ਉਸ ਦੇ ਵਿਸ਼ੇ ਦੇ ਆਧਾਰ ਤੇ ਵੱਖ ਵੱਖ ਢੰਗਾਂ ਨਾਲ ਕੀਤੀ ਜਾਂਦੀ ਹੈ।

ਰੰਗਮੰਚ-

ਰੰਗਮੰਚ ਨਾਟਕ ਦਾ ਤੱਤ ਨਹੀਂ, ਇਸਦੀ ਵੱਖਰੀ ਹੋਂਦ ਹੈ। ਨਾਟਕ ਦੀ ਸਫ਼ਲਤਾ ਤਾਂ ਹੀ ਮੰਨੀ ਜਾ ਸਕਦੀ ਹੈ, ਜੇਕਰ ਉਹ ਰੰਗਮੰਚ ਉੱਤੇ ਪੇਸ਼ ਕੀਤਾ ਜਾ ਸਕੇ। ਅੰਗਰੇਜ਼ੀ ਵਿੱਚ ਇਸਨੂੰ 'ਸਟੇਜ਼' ਹਿੰਦੀ ਵਿੱਚ 'ਨਾਟਸ਼ਾਲਾ' ਅਤੇ ਪੰਜਾਬੀ ਵਿੱਚ 'ਰੰਗਮੰਚ' ਕਿਹਾ ਜਾਂਦਾ ਹੈ। ਉਹੀ ਨਾਟਕ ਅਖਵਾ ਸਕਦਾ ਹੈ ਜੋ ਰੰਗਮੰਚ ਉੱਤੇ ਪੇਸ਼ ਕੀਤਾ ਜਾ ਸਕਦਾ ਹੋਵੇ ਕਿਉਂਕਿ ਨਾਟਕ ਰੰਗਮੰਚ ਤੇ ਖੇਡੇ ਜਾਣ ਲਈ ਹੀ ਲਿਖਿਆ ਜਾਂਦਾ ਹੈ। ਰੰਗਮੰਚ ਉੱਤੇ ਪੇਸ਼ਕਾਰੀ ਕਰਨ ਲਈ ਲੋੜੀਂਦੀਆਂ ਵਸਤੂਆਂ ਦਾ ਹੋਣਾ ਜ਼ਰੂਰੀ ਹੈ। ਰੰਗਮੰਚ ਤਦ ਹੀ ਸਫ਼ਲ ਹੁੰਦਾ ਹੈ, ਜਦ ਨਾਟਕ ਪੇਸ਼ ਕਰਨ ਵਾਲੇ ਪਾਤਰ ਸੂਝ ਵਾਲੇ, ਚੰਗੇ ਗੁਣਾਂ ਦੇ ਧਾਰਨੀ ਹੋਣ। ਨਾਟਕ ਦੀ ਕਲਪਨਾ ਰੰਗਮੰਚ ਤੋਂ ਬਿਨਾਂ ਕਰਨੀ ਅਸਭੰਵ ਹੈ। ਇਸ ਗੱਲ ਦੀ ਪੁਸ਼ਟੀ ਬਹੁਤ ਸਾਰੇ ਨਾਟਕਕਾਰ ਕਰਦੇ ਹਨ। ਨਾਟਕ ਤੇ ਰੰਗਮੰਚ ਦੇ ਸੰਬੰਧ ਵਿੱਚ ਡਾ. ਅਤਰ ਸਿੰਘ ਲਿਖਦੇ ਹਨ ਕਿ-

ਰੰਗਮੰਚ ਤੇ ਨਾਟਕ ਦਾ ਸੰਬੰਧ ਅਨਿਖੜ ਹੈ ਪਰੰਤੂ ਇਹ ਸੰਬੰਧ ਨਿਰਜਿੰਦ ਨਹੀਂ, ਸਜਿੰਦ ਹੈ ਤੇ ਇਸ ਲਈ ਸੰਬੰਧਮਈ ਵੀ ਹੈ ਤੇ ਦੁਵੰਦਮਈ ਵੀ ਹੈ।10

ਨਾਟਕ ਤੇ ਰੰਗਮੰਚ ਦੇ ਸੰਬੰਧ ਵਿੱਚ ਡਾ. ਹਰਚਰਨ ਸਿੰਘ ਲਿਖਦੇ ਹਨ-

ਨਾਟਕਕਾਰ ਦਾ ਸਭ ਤੋਂ ਵੱਡਾ ਉਸਤਾਦ ਮੰਚ ਹੁੰਦਾ ਹੈ। ਰੰਗਸ਼ਾਲਾ ਵਿੱਚ ਬੈਠੇ ਦਰਸ਼ਕ ਉਸਦੇ ਸਹੀ ਅਲੋਚਕ ਹੁੰਦੇ ਹਨ।11

ਨਾਟਕੀ ਸਿਰਜਣਾ ਵੇਲੇ ਸਾਰੇ ਹੀ ਨਾਟ-ਸ਼ਾਸਤਰੀਆਂ ਤੇ ਨਾਟਕਾਰਾਂ ਨੇ ਰੰਗਮੰਚ ਨੂੰ ਧਿਆਨ ਵਿੱਚ ਰੱਖਣ ਦਾ ਆਦੇਸ਼ ਦਿੱਤਾ ਹੈ। ਨਾਟਕ ਰੰਗਮੰਚ ਤੇ ਪੇਸ਼ ਹੋਣ ਵਾਲਾ ਸਾਹਿਤ ਰੂਪ ਹੈ। ਇਸਦੀ ਸਫ਼ਲਤਾ ਇਸਨੂੰ ਖੇਡਣ ਵਾਲਿਆਂ ਉੱਤੇ ਹੀ ਨਿਰਭਰ ਕਰਦੀ ਹੈ। ਰੰਗਮੰਚ ਉੱਤੇ ਨਾਟਕਕਾਰ ਅਲੋਪ ਹੁੰਦਾ ਹੈ। ਉਸਦੀ ਰਚਨਾ ਦੋ ਧਿਰਾਂ ਵਿਚਕਾਰ ਬੜਾ ਮਹੱਤਵਪੂਰਨ ਅਵਸਰ ਪ੍ਰਦਾਨ ਕਰ ਰਹੀ ਹੁੰਦੀ ਹੈ, ਇੱਕ ਤਾਂ ਨਾਟਕ ਦੇਖਣ ਵਾਲੇ ਦਰਸ਼ਕਾਂ ਨੂੰ ਤੇ ਦੂਜਾ ਨਾਟਕ ਖੇਡਣ ਵਾਲੇ ਕਲਾਕਾਰਾਂ ਨੂੰ। ਭਾਵੇਂ ਨਾਟਕ ਜੀਵਨ ਦੀ ਹੂ-ਬ-ਹੂ ਨਕਲ ਨਹੀਂ ਹੁੰਦੀ ਪਰ ਜੀਵਨ ਦੇ ਨੇੜੇ ਹੁੰਦਾ ਹੈ। ਦਰਸ਼ਕ ਰੰਗਮੰਚ ਉੱਤੇ ਪਾਤਰਾਂ ਨੂੰ ਉਸੇ ਤਰ੍ਹਾਂ ਗੱਲਬਾਤ ਕਰਦੇ ਤੇ ਜੀਵਨ ਦੇ ਸੰਘਰਸ਼ ਵਿੱਚ ਲੱਗੇ ਦੇਖਦੇ ਹਨ, ਜਿਵੇਂ ਉਹ ਆਪਣੇ ਆਲੇ-ਦੁਆਲੇ ਦੇ ਜੀਵਨ ਵਿੱਚ ਵਿਚਰ ਰਹੇ ਹੋਣ। ਨਾਟਕ ਤੇ ਰੰਗਮੰਚ ਦਾ ਆਤਮਾ ਤੇ ਸਰੀਰ ਵਾਲਾ ਰਿਸ਼ਤਾ ਹੈ। ਦੋਵਾਂ ਨੂੰ ਇੱਕ-ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਤੇ ਭਾਰਤੀ ਸੰਸਕ੍ਰਿਤ ਸਿਧਾਂਤ ਲਾਗੂ ਨਹੀਂ ਹੁੰਦੇ ਅਤੇ ਨਾ ਹੀ ਪੱਛਮੀ ਸਿਧਾਂਤ ਲਾਗੂ ਹੁੰਦੇ ਹਨ, ਸਗੋਂ ਪੰਜਾਬੀ ਨਾਟਕ ਦਾ ਵਿਸ਼ਾ-ਵਸਤੂ, ਪਲਾਟ, ਗੋਂਦ, ਵਾਰਤਾਲਾਪ ਪਾਤਰ ਉਸਾਰੀ, ਭਾਸ਼ਾ, ਸ਼ੈਲੀ ਅਤੇ ਰੰਗਮੰਚ ਆਦਿ ਮੁੱਖ ਤੱਤ ਹਨ ਜੋ ਕਿ ਆਪਣੀ ਵੱਖਰੀ ਹੋਂਦ ਸਥਾਪਿਤ ਕਰਦੇ ਹਨ।

ਹਵਾਲੇ ਤੇ ਟਿੱਪਣੀਆਂ


1) ਡਾ. ਸੁਰਜੀਤ ਸਿੰਘ ਸੇਠੀ, ਨਾਟਕ ਕਲਾ, ਪੰਨਾ 11.

2) ਉਹੀ, ਪੰਨਾ 39-40.

3) ਡਾ. ਸੁਰਜੀਤ ਸਿੰਘ ਸੇਠੀ, ਨਾਟਕ ਕਲਾ, ਪੰਨਾ 27.

4) ਸੁਰਜੀਤ ਸਿੰਘ ਸੇਟੀ, ਨਾਟਕ ਕਲਾ, ਪੰਨਾ 48.

5) ਡਾ. ਚਰਨਦਾਸ ਸਿੱਧੂ, ਪੰਜ ਖੂਹ ਵਾਲੇ, ਪੰਨਾ 11.

6) ਡਾ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ, ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 99-100.

7) ਸੁਰਜੀਤ ਸਿੰਘ ਸੇਠੀ, ਨਾਟਕ ਕਲਾ, ਪੰਨਾ 92.

8) ਡਾ. ਹਰਚਰਨ ਸਿੰਘ ਦੋਸ਼, ਮੁੱਖ-ਬੰਦ, ਡਾ. ਗੋਪਾਲ ਸਿੰਘ ਦਰਦੀ, ਪੰਨਾ 10.

9) ਡਾ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ, ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 100.

10) ਨਵ ਨਵਨਿੰਦਰ ਘੁੰਮਣ, ਕਪੂਰ ਸਿੰਘ ਘੁੰਮਣ ਦਾ ਨਾਟ ਲੋਕ, ਪੰਨਾ 35.

11) ਪ੍ਰੋ. ਪਿਆਰਾ ਸਿੰਘ, ਪੰਜਾਬੀ ਨਾਟਕ ਤੇ ਰੰਗਮੰਚ, ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 33.